# NEERAJ®

Serving Education for Last 40 Years

# ਪੰਜਾਬੀ

N-210

## Chapter wise Reference Book
## Including Many Solved Sample Papers

*Based on*

# N.I.O.S. *Class – X*
## National Institute of Open Schooling

*By : A Panel of Educationists*

**NEERAJ PUBLICATIONS**

*(Publishers of Educational Books)*

Mob.: 8510009872, 8510009878 E-mail: info@neerajbooks.com

Website: www.neerajbooks.com

MRP ₹ 320/-

## ਵਿਸ਼ੈ-ਸੂਚੀ

# ਸੈਕੰਡਰੀ ਪੱਧਰ
# ਪੰਜਾਬੀ

**BASED ON : NATIONAL INSTITUTE OF OPEN SCHOOLING - X**


| ਕ੍ਰਮ ਸੰ. | ਵਿਵਰਣ | ਪੰਨਾ ਸੰ. |
|---|---|---|
| | **ਮਾਡਿਊਲ (ਇਕਾਈ) I** | |
| 1. | ਬੋਲੀ ਤੇ ਭਾਸ਼ਾ | 1 |
| 2. | ਨਾਂਵ ਅਤੇ ਨਾਂਵ ਦਾ ਰੂਪਾਂਤਰਣ | 7 |
| 3. | ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ | 12 |
| 4. | ਸ਼ਬਦ ਰਚਨਾ | 15 |
| 5. | ਅਰਥ ਬੋਧ ਦੇ ਆਧਾਰ ਤੇ ਸ਼ਬਦ ਰਚਨਾ | 22 |
| 6. | ਵਿਸ਼ਰਾਮ ਚਿੰਨ | 35 |
| 7. | ਮੁਹਾਵਰੇ | 38 |
| 8. | ਅਖਾਣ | 48 |
| | **ਮਾਡਿਊਲ (ਇਕਾਈ) II** | |
| 9. | ਸਲੋਕ (ਸ਼ੇਖ਼ ਫ਼ਰੀਦ) ਸੂਫ਼ੀ-ਕਾਵਿ | 56 |
| 10. | ਕਾਫ਼ੀ (ਬੁੱਲ੍ਹੇ ਸ਼ਾਹ) ਸੂਫ਼ੀ-ਕਾਵਿ | 59 |
| 11. | ਸਿੰਮਲੁ ਰੁਖੁ ਸਰਾਇਰਾ (ਗੁਰੂ ਨਾਨਕ ਦੇਵ) ਗੁਰਮਤਿ-ਕਾਵਿ | 62 |
| 12. | ਹੀਰ (ਵਾਰਿਸ ਸ਼ਾਹ) ਕਿੱਸਾ ਕਾਵਿ | 65 |
| 13. | ਜੰਗ, ਸਿੰਘਾਂ ਤੇ ਫਿਰੰਗੀਆਂ (ਸ਼ਾਹ ਮੁਹੰਮਦ) ਬੀਰ-ਕਾਵਿ | 67 |
| 14. | ਸਮਾਂ (ਭਾਈ ਵੀਰ ਸਿੰਘ) ਆਧੁਨਿਕ-ਕਾਵਿ | 70 |
| 15. | ਇਨਸਾਨਸਤਾਨ (ਧਨੀ ਰਾਮ ਚਾਤ੍ਰਿਕ) ਆਧੁਨਿਕ-ਕਾਵਿ | 72 |
| 16. | ਖਨਗਾਹੀਂ ਦੀਵਾ ਬਾਲਦੀਏ (ਪ੍ਰੋ. ਮੋਹਨ ਸਿੰਘ) ਆਧੁਨਿਕ-ਕਾਵਿ | 75 |
| 17. | ਰੁੱਖ (ਸ਼ਿਵ ਕੁਮਾਰ ਬਟਾਲਵੀ) ਆਧੁਨਿਕ-ਕਾਵਿ | 78 |
| 18. | ਨਿੱਕੇ ਵੱਡੇ ਡਰ (ਜਗਤਾਰ) ਆਧੁਨਿਕ-ਕਾਵਿ | 81 |
| 19. | ਨਜ਼ਰ (ਸੁਰਜੀਤ ਪਾਤਰ) ਆਧੁਨਿਕ-ਕਾਵਿ | 84 |

| ਕ੍ਰਮ ਸੰ. | ਵਿਵਰਣ | ਪੰਨਾ ਸੰ. |
|---|---|---|

## ਮਾਡਿਊਲ (ਇਕਾਈ) III


20. ਘਰ ਦਾ ਪਿਆਰ (ਪ੍ਰਿ. ਤੇਜਾ ਸਿੰਘ) 86
21. ਵਾਤਾਵਰਣ ਵਿੱਚ ਸੁੰਦਰਤਾ (ਗੁਰਬਖਸ਼ ਸਿੰਘ ਪ੍ਰੀਤਲੜੀ 89
22. ਪੰਜਾਬ ਦਾ ਗੌਰਵ : ਮਹਾਰਾਜਾ ਰਣਜੀਤ ਸਿੰਘ (ਡਾ. ਹਰਬੰਸ ਸਿੰਘ ਚਾਵਲਾ) 82
23. ਦੇਸ਼ ਦਾ ਮਹਾਨ ਸਪੂਤ : ਭਗਤ ਸਿੰਘ (ਪ੍ਰੋ. ਸਵਰਨ ਸਿੰਘ) 96
24. ਦੇਹ ਅਰੋਗਤਾ (ਪ੍ਰਕਾਸ਼ ਸਿੰਘ ਗਿੱਲ) 99
25. ਕੰਪਿਊਟਰ (ਪ੍ਰਕਾਸ਼ ਸਿੰਘ ਗਿਲ) 103


## ਮਾਡਿਊਲ (ਇਕਾਈ) IV


26. ਸਵਰਗ ਦੀ ਝਲਕ (ਸੁਜਾਨ ਸਿੰਘ) 105
27. ਸਾਂਝ (ਕੁਲਵੰਤ ਸਿੰਘ ਵਿਰਕ) 109
28. ਮਲੰਗ (ਸੰਤੋਖ ਸਿੰਘ ਧੀਰ) 112
29. ਬੱਸ ਕੰਡੱਕਟਰ (ਦਲੀਪ ਕੌਰ ਟਿਵਾਣਾ) 117
30. ਨੰਦੂ (ਅਜੀਤ ਕੌਰ) 121


## ਮਾਡਿਊਲ (ਇਕਾਈ) V


31 ਬੇ-ਈਮਾਨ (ਈਸ਼ਵਰ ਚੰਦਰ ਨੰਦਾ) ਇਕਾਂਗੀ 125


## ਮਾਡਿਊਲ (ਇਕਾਈ) VI


32. ਚਿੱਠੀ ਪੱਤਰ 136


## ਮਾਡਿਊਲ (ਇਕਾਈ) VII


33. ਨਿਬੰਧ ਰਚਨਾ 150


## ਮਾਡਿਊਲ (ਇਕਾਈ) VIII


34. ਅਣਡਿੱਠਾ ਪੈਰਾ 168

# Sample Preview
# of
# The Chapter

*Published by:*

NEERAJ
PUBLICATIONS
www.neerajbooks.com

# ਮਾਡਿਊਲ (ਇਕਾਈ) I

# ਬੋਲੀ ਤੇ ਭਾਸ਼ਾ 1

## ਬੋਲੀ ਤੇ ਭਾਸ਼ਾ

ਬੋਲੀ ਤੇ ਭਾਸ਼ਾ ਰਾਹੀਂ ਅਸੀਂ ਆਪਣੀ ਗੱਲ ਨੂੰ ਸੌਖੇ ਢੰਗ ਨਾਲ ਇੱਕ ਦੂਜੇ ਤੱਕ ਪਹੁੰਚਾ ਸਕਦੇ ਹਾਂ। ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਰਾਹੀਂ ਅਸੀਂ ਇੱਕ ਵਾਰ ਫਿਰ ਤੋਂ ਸ਼ੁੱਧ ਭਾਸ਼ਾ ਦੀ ਵਰਤੋਂ ਕਰ ਸਕਾਂਗੇ।

ਬੋਲੀ ਉਹ ਸਫਲ ਸਾਧਨ ਹੈ ਜਿਸ ਨਾਲ ਮਨੁੱਖ ਆਪਣੇ ਮਨ ਦੇ ਭਾਵ ਦੂਜਿਆਂ ਅੱਗੇ ਪਰਗਟ ਕਰ ਸਕਦਾ ਹੈ ਕਿਸੇ ਦੇਸ਼ ਦੇ ਇਲਾਕੇ ਦੇ ਲੋਕ ਆਪਣੀ ਗੱਲਬਾਤ ਲਈ ਜਿਹੜੀ ਬੋਲੀ ਵਰਤਦੇ ਹਨ, ਉਹ ਬੋਲਚਾਲ ਦੀ ਬੋਲੀ ਅਖਵਾਉਂਦੀ ਹੈ। ਬੋਲੀ ਗਤੀਸ਼ੀਲ ਹੁੰਦੀ ਹੈ ਤੇ ਸਮੇਂ ਸਮੇਂ ਤੇ ਵਿਕਾਸ ਵੀ ਕਰਦੀ ਰਹਿੰਦੀ ਹੈ। ਜਿਸ ਬੋਲੀ ਅੰਦਰ ਕਿਸੇ ਦੇਸ਼ ਜਾਂ ਇਲਾਕੇ ਦਾ ਸਾਹਿਤ ਰਚਿਆ ਜਾਂਦਾ ਹੈ, ਉਸ ਨੂੰ ਲਿਖਤੀ ਜਾਂ ਟਕਸਾਲੀ ਬੋਲੀ ਕਿਹਾ ਜਾਂਦਾ ਹੈ।

ਕਿਸੇ ਵੀ ਬੋਲੀ ਨੂੰ ਲਿਖਤੀ ਰੂਪ ਦੇਣ ਲਈ ਕੁਝ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਨੂੰ ਅੱਖਰ ਜਾਂ ਵਰਣ ਕਿਹਾ ਜਾਂਦਾ ਹੈ। ਪੰਜਾਬੀ ਬੋਲੀ ਦੀ ਸਭ ਤੋਂ ਢੁੱਕਵੀਂ ਲਿਖੀ ਗੁਰਮੁਖੀ ਹੈ ਤੇ ਇਸ ਵਿਚ ਪੈਂਤੀ ਅੱਖਰੀ ਹਨ।

## ਪੈਂਤੀ ਅੱਖਰੀ

| | | | | |
|---|---|---|---|---|
| ੳ | ਅ | ੲ | ਸ | ਹ |
| ਊੜਾ | ਐੜਾ | ਈੜੀ | ਸੱਸਾ | ਹਾਹਾ |
| (उड़ा) | (ऐड़ा) | (ईड़ी) | (सस्सा) | (हाहा) |
| उ uuraa | अ airaa | इ liriee | स sassaa | ह haahaa |
| ਕ | ਖ | ਗ | ਘ | ਙ |
| ਕੱਕਾ | ਖੱਖਾ | ਗੱਗਾ | ਘੱਘਾ | ਙੰਗਾਂ |
| (कक्का) | (खख्खा) | (गग्गा) | (घघ्घा) | (अंगा) |
| क kakka | ख khakha | ग gagaa | घ ghaggaa | ड. ngaa |
| ਚ | ਛ | ਜ | ਝ | ਞ |
| ਚੱਚਾ | ਛੱਛਾ | ਜੱਜਾ | ਝੱਝਾ | ਞਈਆਂ |
| (चच्चा) | (छछछा) | (जज्जा) | (झज्झा) | (यईयां) |
| च chachaa | छ chhachha | ज jajjaa | झ jhajjaa | njaa |
| ਟ | ਠ | ਡ | ਢ | ਣ |
| ਟੈਂਕਾ | ਠੱਠਾ | ਡੱਡਾ | ਢੱਢਾ | ਣਾਣਾ |
| (टैंका) | (ठ्ठा) | (डड्डा) | (ढढ्ढा) | (णणा) |
| ट tainkaa | ठ tthattha | ड dadda | ढ dhadaa | ण nannaa |
| ਤ | ਥ | ਦ | ਧ | ਨ |
| ਤੱਤਾ | ਥੱਥਾ | ਦੱਦਾ | ਧੱਧਾ | ਨਨਾ |
| (तत्ता) | (थथ्था) | (दद्दा) | (धध्धा) | (नन्ना) |
| त tattaa | थ thathaa | द daddaa | ध dhadaa | न nannaa |
| ਪ | ਫ | ਬ | ਭ | ਮ |
| ਪੱਪਾ | ਫੱਫਾ | ਬੱਬਾ | ਭੱਭਾ | ਮੱਮਾ |
| (पप्पा) | (फफ्फा) | (बब्बा) | (भभ्भा) | (मम्मा) |
| प pappaa | फ phphaa | ब babbaa | भ bhabbaa | म mammaa |
| ਯ | ਰ | ਲ | ਵ | ੜ |
| ਯਯਾ | ਰਾਰਾ | ਲੱਲਾ | ਵਾਵਾ | ੜਾੜਾ |
| (यय्या) | (रारा) | (लल्ला) | (वव्वा) | (ड़ाड़ा) |
| य yayaa | र raaraa | ल lallaa | व vavaa | ड़ raara |

| | | | | | |
|---|---|---|---|---|---|
| ਸ਼ | ਖ਼ | ਗ਼ | ਜ਼ | ਫ਼ | ਲ਼ |
| (शशा) | (.खक्खा) | (.गग.गा) | (.जज.जा) | (.फफा) | (.लल.ला) |
| .श sh | .ख kh | .ग gh | .ज z | .फ f | .ल l |

**ਬੋਲੀ ਤੇ ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ।**

(1) ਆਮ ਬੋਲ ਚਾਲ ਦੀ ਭਾਸ਼ਾ—ਉਹ ਭਾਸ਼ਾ ਜਿਸ ਵਿਚ ਮਨੁੱਖ ਆਪਣੇ ਖੇਤਰ ਵਿੱਚ ਬੋਲੇ ਜਾਣ ਵਾਲੇ ਸ਼ਬਦਾਂ ਦੀ ਵਰਤੋਂ ਕਰਦਾ ਹੈ, ਉਸਨੂੰ ਆਮ ਬੋਲੀ ਜਾਂ ਭਾਸ਼ਾ ਕਿਹਾ ਜਾਂਦਾ ਹੈ।

(2) ਸਾਹਿਤਕ ਜਾਂ ਟਕਸਾਲੀ ਭਾਸ਼ਾ : ਕਿਸੇ ਪ੍ਰਾਂਤ ਦੀ ਕੇਂਦਰੀ ਬੋਲੀ ਉਸ ਪ੍ਰਾਂਤ ਦੇ ਸਾਹਿਤਕਾਰਜਾਂ, ਲੇਖਕ ਆਪਣੀਆਂ ਕਵਿਤਾਵਾਂ, ਲੇਖਾਂ ਵਿਚ ਉਸ ਬੋਲੀ ਦੀ ਵਰਤੋਂ ਕਰਦੇ ਹਨ ਉਸਨੂੰ ਸਾਹਿਤਕ ਜਾਂ ਟਕਸਾਲੀ ਭਾਸ਼ਾ ਆਖਦੇ ਹਨ।

**ਲਗਾਂ-ਮਾਤਰਾਂ (1.1)**

ਪੰਜਾਬੀ ਬੋਲੀ ਦੀਆਂ ਧੁਨੀਆਂ ਨੂੰ ਲਿਖਣ ਲਈ ਅੱਖਰਾਂ ਨਾਲ ਕੁਝ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਚਿੰਨ੍ਹਾਂ ਦੀ ਵਰਤੋਂ ਤੋਂ ਬਿਨਾਂ ਕੋਈ ਅੱਖਰ ਉਚਾਰਿਆ ਨਹੀਂ ਜਾ ਸਕਦਾ। ਇਹਨਾਂ ਚਿੰਨ੍ਹਾਂ ਨੂੰ ਲਗਾਂ ਕਿਹਾ ਜਾਂਦਾ ਹੈ। ਲਗਾਂ (ਮਾਤਰਾ ੳ, ਅ, ੲ ਤਿੰਨ ਸੂਰ ਅੱਖਰਾਂ ਤੋਂ ਹੀ ਉਤਪੰਨ ਹੁੰਦੀਆਂ ਹਨ ਤੇ ਗਿਣਤੀ ਵਿਚ ਇਹ ਦਸ ਹਨ।

## ਵਧੇਰੇ ਜਾਣਕਾਰੀ ਲਈ

ੳ – ਨਾਲ ਔਕੜ, ਦੁਲੈਂਕੜ ਤੇ ਹੋੜਾ ਦੀ ਵਰਤੋਂ ਕੀਤੀ ਜਾਂਦੀ ਹਨ।

ਅ – ਨਾਲ ਮੁਕਤਾ, ਕੰਨਾਂ, ਦੁਲਾਵਾਂ ਤੇ ਕਨੋੜਾ ਦੀ ਵਰਤੋਂ ਹੁੰਦੀ ਹੈ।

NEERAJ PUBLICATIONS www.neerajbooks.com

ੲ – ਨਾਲ ਸਿਹਾਰੀ, ਬਿਹਾਰੀ ਤੇ ਲਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਬਾਕੀ ਅੱਖਰਾਂ ਨਾਲ ਸਾਰੀਆਂ ਲਗਾਂ ਲਗ ਸਕਦੀਆਂ ਹਨ। ਉਚਾਰਣ ਦੇ ਸਮੇਂ ਦੀ ਦ੍ਰਿਸ਼ਟੀ ਤੋਂ ਇਹ ਲਗਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ।

**ਲਘੂ ਲਗਾਂ** : ਜਿਨਾਂ ਦੇ ਉਚਾਰਨ ਵਿਚ ਥੋੜਾ ਸਮਾਂ ਲੱਗੇ ਉਸਨੂੰ ਲਘੂ ਲਗਾਂ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਵਿਚ ਇਹ ਤਿੰਨ ਹਨ ਜਿਵੇਂ ਮੁਕਤਾ, ਸਿਹਾਰੀ ਤੇ ਔਕੜ।

**ਦੀਰਘ ਲਗਾਂ** : ਜਿਨਾਂ ਦੇ ਉਚਾਰਨ ਵਿਚ ਜ਼ਿਆਦਾ ਸਮੇਂ ਲੱਗੇ, ਉਹਨਾਂ ਨੂੰ ਦੀਰਘ ਲਗਾਂ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਵਿਚ ਇਹ ਸੱਤ ਹਨ। ਜਿਵੇਂ : ਕੰਨਾਂ, ਬਿਹਾਰੀ, ਦੁਲੈਂਕੜ, ਲਾਂ, ਦੁਲਾਵਾਂ ਹੋੜਾ ਤੇ ਕਨੌੜਾ।

ਜਦੋਂ ਕਿਸੇ ਦੀਰਘ ਲਗ ਦੀ ਆਵਾਜ਼ ਲੰਮੀ ਹੋ ਕੇ ਨਿਕਲੇ ਤਾਂ ਉਸ ਨਾਲ ਅੱਖਰ ਅੱਗੇ 'ਅ' ਲਿਖਿਆ ਜਾਂਦਾ ਹੈ, ਜਿਵੇਂ : ਦਬਾਅ, ਸੁਭਾਅ ਆਦਿ।

'ੳ' ਅਤੇ 'ੲ' ਕਦੇ ਬਿਨਾਂ ਮਾਤਰਾਂ ਤੋਂ ਨਹੀਂ ਲਿਖੇ ਜਾਂਦੇ।

## ਪਾਠ ਨਾਲ ਸੰਬੰਧਿ ਪ੍ਰਸ਼ਨ 1.1

**ਪ੍ਰਸ਼ਨ—ਬੋਲੀ ਜਾਂ ਭਾਸ਼ਾ ਕਿਸ ਨੂੰ ਆਖਦੇ ਹਨ। ਇਹ ਕਿੰਨੇ ਪ੍ਰਕਾਰ ਦੀ ਹੁੰਦੀ ਹੈ ?**

**ਉੱਤਰ**—ਜਿਹੜੇ ਬੋਲਾਂ ਰਾਹੀਂ ਅਸੀਂ ਆਪਣੇ ਭਾਵਾਂ ਨੂੰ ਦੂਜਿਆਂ ਦੇ ਅੱਗੇ ਸਪਸ਼ਟ ਕਰਦੇ ਹਾਂ। ਉਹਨਾਂ ਨੂੰ ਬੋਲੀ ਜਾਂ ਭਾਸ਼ਾ ਆਖਿਆ ਜਾਂਦਾ ਹੈ। ਇਹ ਦੋ ਪ੍ਰਕਾਰ ਦੀ ਹੁੰਦੀ ਹੈ।

(1) ਆਮ ਬੋਲੀ ਜਾਂ ਆਮ ਬੋਲ ਚਾਲ ਦੀ ਭਾਸ਼ਾ।

(2) ਲਿਖਤੀ ਟਕਸਾਲੀ ਜਾਂ ਸਾਹਿਤਕ ਭਾਸ਼ਾ।

**ਪ੍ਰਸ਼ਨ 2. ਪੰਜਾਬੀ ਭਾਸ਼ਾ ਵਿਚ ਕਿੰਨੀਆਂ ਲਗਾਂ ਹਨ।**

(ੳ) ਦੋ (ੲ) ਤਿੰਨ

ਅ) ਚਾਰ (ਸ) ਸੱਤ

**ਉੱਤਰ**—ਪੰਜਾਬੀ ਭਾਸ਼ਾ ਵਿਚ ਦੋ ਲਗਾਂ ਹਨ—ਲਘੂ ਅਤੇ ਦੀਰਘ ਲਗਾਂ।

**ਪ੍ਰਸ਼ਨ 3. ਹੋੜਾ, ਔਕੜ ਤੇ ਦੁਲੈਂਕੜ ਕਿਹੜੇ ਅੱਖਰ ਨਾਲ ਲਾਏ ਜਾਂਦੇ ਹਨ।**

(ੳ) ਅ (ੲ) ੲ

(ਅ) ੳ (ਸ) ਕੋਈ ਵੀ ਨਹੀਂ

**ਉੱਤਰ**—'ੳ' ਨਾਲ ਔਕੜ, ਦੁਲੈਂਕੜ ਤੇ ਹੋੜਾ ਦੀ ਵਰਤੋਂ ਹੁੰਦੀ ਹੈ।

## ਲਗਾਖਰ 1.2

ਗੁਰਮੁਖੀ ਲਿਪੀ ਵਿਚ ਕੁਝ ਅੱਖਰਾਂ ਲਈ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਇਹਨਾਂ ਨੂੰ ਲਗਾਖਰ ਕਹਿੰਦੇ ਹਨ।

1. **ਬਿੰਦੀ** : ( ਂ ) ਇਹ ਕੰਨਾਂ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਤੇ ਕਨੌੜਾ ਆਦਿ ਲਗਾਂ ਨਾਲ ਵਰਤੀ ਜਾਂਦੀ ਹੈ।

2. **ਟਿੱਪੀ** : ( ੰ ) ਇਹ ਮੁਕਤਾ, ਸਿਹਾਰੀ, ਔਕੜ ਤੇ ਦੁਲੈਂਕੜ ਆਦਿ ਲਗਾਂ ਨਾਲ ਵਰਤੀ ਜਾਂਦੀ ਹੈ 'ਨ' ਦੇ ਆਵਾਜ਼ ਲਈ ਵੀ ਇਸਦੀ ਵਰਤੋਂ ਕੀਤੀ ਜਾਂਦੀ ਹੈ।

3. **ਅੱਧਕ** : ( ੱ ) ਅੱਧਕ ਕਿਸੇ ਧੁਨੀ ਉੱਤੇ ਜ਼ੋਰ ਜਾਂ ਦਬਾਅ ਪਰਗਟ ਕਰਨ ਲਈ ਵਰਤਿਆਂ ਜਾਂਦਾ ਹੈ ਇਸ ਦੀ ਵਰਤੋਂ ਅਕਸਰ ਮੁਕਤਾ ਸਿਹਾਰੀ ਔਕੜ ਨਾਲ ਕੀਤੀ ਜਾਂਦੀ ਹੈ।

ਬਿੰਦੀ, ਟਿੱਪੀ ਤੇ ਅੱਧਕ ਦੀ ਗਲਤ ਵਰਤੋਂ ਨਾਲ, ਸ਼ਬਦਾਂ ਦੇ ਅਰਥਾਂ ਵਿਚ ਅੰਤਰ ਆ ਜਾਂਦਾ ਹੈ, ਜਿਵੇਂ:

| | | |
|---|---|---|
| ਬਿੰਦੀ— | ਸੌਂਦਾ | ਸੋਦਾ |
| | ਬਾਂਗ | ਬਾਗ |
| ਟਿੱਪੀ— | ਮੰਦਰ | ਮਦਰ |
| | ਘੰਟਾ | ਘਟਾ |
| ਅੱਧਕ | ਸੱਜਾ | ਸਜਾ |
| | ਪੱਤਾ | ਪਤਾ |

ਗੁਰਮੁੱਖੀ ਲਿਪੀ ਲਿਖਣ ਲਗਿਆਂ ਪੈਰੀ 'ਦੁੱਤ ਅੱਖਰ' ਵੀ ਵਰਤੇ ਜਾਂਦੇ ਹਨ। ਇਹ ਭਿੰਨ ਪ੍ਰਕਾਰ ਦੇ ਹਨ। ਹ, ਰ, ਵ। ਇਹ ਦੂਜੇ ਅੱਖਰਾਂ ਦੇ ਪੈਰਾਂ ਵਿਚ ਵਰਤੇ ਜਾਂਦੇ ਹਨ। ਜਿਵੇਂ—

ਹ — ਪੜ੍ਹ, ਚੜ੍ਹ

ਰ — ਪ੍ਰੇਮ, ਪ੍ਰੈਸ

ਵ — ਤ੍ਵ, ਸ੍ਵੈ

## ਪਾਠ ਨਾਲ ਸੰਬੰਧਿਤ ਪ੍ਰਸ਼ਨ

**ਪ੍ਰਸ਼ਨ 1. ਅੱਧਕ ਲਗਾਖਰ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ।**

**ਉੱਤਰ**—ਕਿਸੇ ਧੁਨੀ ਉੱਤੇ ਜ਼ੋਰ ਜਾਂ ਦਬਾਅ ਪ੍ਰਗਟ ਕਰਨ ਵਾਲੇ ਸ਼ਬਦਾਂ ਤੇ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰਸ਼ਨ 2. ਬਿੰਦੀ ਦੀ ਵਰਤੋਂ ਕਿਹੜੇ ਅੱਖਰ ਲਈ ਕੀਤੀ ਜਾਂਦੀ ਹੈ।**

**ਉੱਤਰ**—ਬਿੰਦੀ ਦੀ ਵਰਤੋਂ 'ਨ' ਦੀ ਆਵਾਜ਼ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ 3. ਗੁਰਮੁੱਖੀ ਲਿਪੀ ਵਿਚ ਕਿੰਨੀਆਂ ਲਗਾਂ ਤੇ ਕਿੰਨੇ ਲਗਾਖਰ ਹਨ।**

**ਉੱਤਰ**—ਗੁਰਮੁੱਖੀ ਲਿਪੀ ਵਿਚ ਕੁਝ ਅੱਖਰਾਂ ਲਈ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਇਹਨਾਂ ਨੂੰ ਲਗਾਖਰ ਕਹਿੰਦੇ ਹਨ। ਇਹ ਤਿੰਨ ਪ੍ਰਕਾਰ ਦੇ ਹਨ।

ਬਿੰਦੀ ( ਂ ), ਟਿੱਪੀ 9 ( ੰ ) ਅਤੇ ਅੱਧਕ ( ੱ )

**ਪ੍ਰਸ਼ਨ 4. ਗੁਰਮੁਖੀ ਲਿਪੀ ਦੇ ਕਿਹੜੇ-ਕਿਹੜੇ ਅੱਖਰ, ਅੱਖਰਾਂ ਦੇ ਪੈਰ ਵਿਚ ਵਰਤੇ ਜਾਂਦੇ ਹਨ।**

**ਉੱਤਰ**—ਗੁਰਮੁਖੀ ਲਿਪੀ ਲਿਖਣ ਲਗਿਆਂ ਪੈਰੀ ਦੁੱਤ ਅੱਖਰ ਵੀ ਵਰਤੇ ਜਾਂਦੇ ਹਨ, ਇਹ ਤਿੰਨ ਪ੍ਰਕਾਰ ਦੇ ਹਨ— ਹ, ਰ, ਵ।

ਹ : ਪੜ੍ਹ, ਚੜ੍ਹ

ਰ : ਪ੍ਰੇਮ, ਪ੍ਰੈਸ

ਵ : ਤ੍ਵੈ, ਸ੍ਵੈ

NEERAJ PUBLICATIONS www.neerajbooks.com

www.neerajbooks.com



## ਸ਼ਬਦ-ਜੋੜ 1.3

ਅਸੀਂ ਅੱਖਰ, ਲਗਾਂ, ਲਗਾਖਰ ਅਤੇ ਦੁੱਤ ਅੱਖਰਾਂ ਬਾਰੇ ਗਿਆਨ ਹਾਂਸਲ ਕਰ ਚੁੱਕੇ ਹਾਂ। ਹੁਣ ਅਸੀਂ ਬੋਲ ਚਾਲ ਦੀ ਭਾਸ਼ਾ ਨੂੰ ਸ਼ੁੱਧ ਲਿਖਤੀ ਰੂਪ ਦੇਣ ਲਈ ਸਹੀ ਸ਼ਬਦ-ਜੋੜ ਦੀ ਜਾਣਕਾਰੀ ਪ੍ਰਾਪਤ ਕਰਾਂਗੇ। ਅਸੀਂ ਲਗਾਂਖਰ ਦੀ ਸਹੀ ਵਰਤੋਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਹੈ। ਅਸੀਂ ਵੇਖਿਆ ਹੈ ਕਿ ਲਗਾਖਰ ਦੀ ਵਰਤੋਂ ਨਾਲ ਦੋ ਇਕੋ ਜਿਹੇ ਸ਼ਬਦਾਂ ਵਿਚ ਅੰਤਰ ਆ ਜਾਂਦਾ ਹੈ, ਇਸੇ ਤਰ੍ਹਾਂ ਸ਼ਬਦ-ਜੋੜ ਦੇ ਕੁਝ ਨਿਯਮਾਂ ਬਾਰੇ ਹੇਠਾਂ ਜਾਣਕਾਰੀ ਦਿੱਤੀ ਜਾ ਰਹੀ ਹੈ।

1. ਸ, ਸ਼, ਛ ਦੀ ਵਰਤੋਂ ਉਚਾਰਣ ਅਨੁਸਾਰ ਕਰਨੀ ਚਾਹੀਦੀ ਹੈ। ਜਿਵੇਂ—

| **ਅਸ਼ੁੱਧ** | **ਸ਼ੁੱਧ** |
|---|---|
| ਛੇਰ | ਸ਼ੇਰ |
| ਸਰਮ | ਸ਼ਰਮ |
| ਸ਼ੋਲੋ | ਛੋਲੋ |

2. (1) 'ਹ' ਦੀ ਵਰਤੋਂ ਸਮੇਂ ਖਾਸ ਧਿਆਨ ਦੇਣ ਦੀ ਲੋੜ ਹੈ, ਜਦੋਂ 'ਹ' ਤੋਂ ਪਹਿਲੇ ਅੱਖਰ ਉੱਤੇ ਲਾਂ ਲਗੀ ਹੋਵੇ ਤਾਂ 'ਲਾਂ' ਹਟ ਜਾਂਦੀ ਹੈ ਤੇ ਉਸ ਅੱਖਰ ਉੱਤੇ ਸਿਹਾਰੀ ਲੱਗ ਜਾਂਦੀ ਹੈ, ਜਿਵੇਂ—

| **ਅਸ਼ੁੱਧ** | **ਸ਼ੁੱਧ** |
|---|---|
| ਚੇਹਰਾ | ਚਿਹਰਾ |
| ਕੇਹੜਾ | ਕਿਹੜਾ |
| ਵੇਹੜਾ | ਵਿਹੜਾ |

(2) ਜੇ 'ਹ' ਤੋਂ ਪਹਿਲੇ ਅੱਖਰ ਤੇ ਦੁਲਾਈਆਂ ਲਗੀਆਂ ਹੋਣ ਤਾਂ ਇਹ ਮੁਕਤਾ ਹੋ ਜਾਂਦਾ ਹੈ ਅਤੇ 'ਹ' ਤੇ ਸਿਹਾਰੀ ਲਗਾ ਦਿੱਤੀ ਜਾਂਦੀ ਹੈ। ਜਿਵੇਂ—

| **ਅਸ਼ੁੱਧ** | **ਸ਼ੁੱਧ** |
|---|---|
| ਕੈਹਰ | ਕਹਿਰ |
| ਜ਼ੈਹਰ | ਜ਼ਹਿਰ |
| ਲੈਹਰ | ਲਹਿਰ |

ਕਿਤਾਬ ਵੇਖੋ

(3) ਜੇ 'ਹ' ਤੋਂ ਪਹਿਲੇ ਅੱਖਰ ਉੱਤੇ 'ਹੋੜਾ' ਹੋਵੇ ਤਾਂ ਉਸ ਦੀ ਥਾਂ 'ਔਂਕੜ' ਲੱਗ ਜਾਂਦੀ ਹੈ, ਜਿਵੇਂ :-

| **ਅਸ਼ੁੱਧ** | **ਸ਼ੁੱਧ** |
|---|---|
| ਸੋਹਲ | ਸੁਹਲ |
| ਮੋਹਰ | ਮੁਹਰ |
| ਮੋਹੱਬਤ | ਮੁਹੱਬਤ |

(4) ਜੇ 'ਹ' ਤੋਂ ਪਹਿਲੇ ਅੱਖਰ ਉੱਤੇ ਕਨੌੜਾ ਲੱਗਾ ਹੋਵੇ ਤਾਂ ਇਹ ਅੱਖਰ ਮੁਕਤਾ ਹੋ ਜਾਂਦਾ ਹੈ, ਤੇ 'ਹ' ਨੂੰ ਔਂਕੜ ਲੱਗ ਜਾਂਦੀ ਹੈ, ਜਿਵੇਂ :

| **ਅਸ਼ੁੱਧ** | **ਸ਼ੁੱਧ** |
|---|---|
| ਸੋਹਰਾ | ਸਹੁਰਾ |
| ਬੋਹਤਾ | ਬਹੁਤਾ |
| ਪੋਹੁੰਚੀ | ਪਹੁੰਚੀ |

(5) ਜੇ 'ਹ' ਅੱਖਰ ਪੈਰ ਵਿਚੋਂ ਹਟਾ ਕੇ, 'ਬਿੰਦੀ' 'ਟਿੱਪੀ' ਜਾਂ 'ਅੱਧਕ' ਦੀ ਵਰਤੋਂ ਹੋਵੇ ਤਾਂ ਪੜਨਾਂਵ ਤੋਂ ਵਿਸ਼ੇਸ਼ਣ ਬਣ ਜਾਂਦਾ ਹੈ, ਜਿਵੇਂ-

| **ਪੜਨਾਂਵ** | **ਵਿਸ਼ੇਸ਼ਣ** |
|---|---|
| ਉਨ੍ਹੀਂ | ਉੱਨੀ |
| ਇਨ੍ਹਾਂ | ਇੰਨਾ |
| ਕਿਨ੍ਹਾਂ | ਕਿੰਨਾ |

3. ਸੰਸਕ੍ਰਿਤ ਦੇ ਸ਼ਬਦਾਂ ਦਾ ਪੰਜਾਬੀ ਰੂਪ ਦੇਣ ਵੇਲੇ ਅੰਤ ਵਿਚ ਆਉਣ ਵਾਲਾ 'ਯ' ਬਿਲਕੁਲ ਹੱਟ ਜਾਂਦਾ ਹੈ ਜਾਂ ਉਸ ਦੀ ਥਾਂ ਪਹਿਲੇ ਅੱਖਰ ਨੂੰ ਲੋੜੀਂਦੀ ਮਾਤਰਾ (ਲਗ) ਲੱਗ ਜਾਂਦੀ ਹੈ, ਜਿਵੇਂ :-

| **ਅਸ਼ੁੱਧ** | **ਸ਼ੁੱਧ** |
|---|---|
| ਉਪਾਯ | ਉਪਾਅ |
| ਰਾਸ਼ਟਰੀਯ | ਰਾਸ਼ਟਰੀ |
| ਹਿਮਾਲਯ | ਹਿਮਾਲਾ |
| ਆਯਾ | ਆਇਆ |

4. (1) 'ਨ' ਤੇ 'ਣ' ਦੀ ਸਹੀ ਵਰਤੋਂ ਪ੍ਰਤੀ ਸਚੇਤ ਰਹਿਣਾ ਚਾਹੀਦਾ ਹੈ, ਪੰਜਾਬੀ ਵਿਚ ਜਿਨ੍ਹਾਂ ਕਿਰਿਆ ਵਾਲੇ ਮੂਲ ਸ਼ਬਦਾਂ ਦੀ ਅੰਤਿਮ ਧੁਨੀ 'ਣ, ਰ, ਲ ਜਾਂ ੜ' ਹੈ, ਉਨ੍ਹਾਂ ਦੀ ਅੰਤਿਮ ਕਿਰਿਆ 'ਨ' ਲੱਗ ਕੇ ਬਣਾਉਣੀ ਸਹੀ ਹੈ; ਜਿਵੇਂ-

| **ਅਸ਼ੁੱਧ** | **ਸ਼ੁੱਧ** |
|---|---|
| ਕਰਣਾ | ਕਰਨਾ |
| ਵਿਆਕਰਣ | ਵਿਆਕਰਨ |
| ਪੂਰਣ | ਪੂਰਨ |

(2) ਜਿਨ੍ਹਾਂ ਦੀ ਅੰਤਿਮ ਧੁਨੀ 'ਣ, ਰ, ਲ ਜਾਂ ੜ' ਨਹੀਂ ਹੈ, ਕੋਈ ਹੋਰ ਵਿਅੰਜਨ ਜਾਂ ਮਾਤਰਾ ਹੈ। ਉਨ੍ਹਾਂ ਦੀ ਅੰਤਿਮ ਕਿਰਿਆ 'ਣ' ਨਾਲ 'ਕੰਨਾ' ਲਗਾ ਕੇ ਬਣਾਉਣੀ ਸਹੀ ਹੈ। ਜਿਵੇਂ—

| **ਅਸ਼ੁੱਧ** | **ਸ਼ੁੱਧ** |
|---|---|
| ਖਾਨਾ | ਖਾਣਾ |
| ਲਿਖਨਾ | ਲਿਖਣਾ |
| ਖਿਡਾਉਨਾ | ਖਿਡਾਉਣਾ |

5. ਜਿਹੜੇ ਸ਼ਬਦਾਂ ਵਿਚ ਪਹਿਲੇ ਦੋਵੇਂ ਸੂਰ ਦੀਰਘ ਹੁੰਦੇ ਹਨ, ਉਨ੍ਹਾਂ ਵਿਚ ਪਹਿਲੇ ਲਘੂ ਸੂਰ ਦਿੱਤਾ ਜਾਂਦਾ ਹੈ, ਜਿਵੇਂ—

| **ਅਸ਼ੁੱਧ** | **ਸ਼ੁੱਧ** |
|---|---|
| ਆਕਾਸ਼ | ਅਕਾਸ਼ |
| ਕਾਨੂੰਨ | ਕਨੂੰਨ |
| ਗੋਦਾਮ | ਗੁਦਾਮ |

NEERAJ PUBLICATIONS www.neerajbooks.com

www.neerajbooks.com

## ਸ਼ਬਦ ਗਿਆਨ 1.4

ਆਪਣੀ ਗੱਲ ਨੂੰ ਦੂਜਿਆਂ ਤੱਕ ਪਹੁੰਚਾਉਣ ਲਈ, ਮੂੰਹ ਵਿਚੋਂ ਬੋਲੋ ਗਏ ਬੋਲਾਂ ਨੂੰ ਸ਼ਬਦ ਕਹਿੰਦੇ ਹਨ। ਸ਼ਬਦ : ਅੱਖਰ ਤੇ ਲਗਾਂ ਦੇ ਮੇਲ ਨਾਲ ਬਣਦੇ ਹਨ। ਇਹ ਦੋ ਪ੍ਰਕਾਰ ਦੇ ਹਨ—ਸਾਰਥਕ ਤੇ ਨਿਰਾਰਥਕ।

ਜਿਹੜੇ ਸ਼ਬਦ ਕੁਝ ਅਰਥ ਰੱਖਦੇ ਹਨ, ਉਹਨਾਂ ਨੂੰ 'ਸਾਰਥਕ' ਸ਼ਬਦ ਕਹਿੰਦੇ ਹਨ।

ਜਿਹਨਾਂ ਸ਼ਬਦਾਂ ਦੇ ਕੁੱਝ ਅਰਥ ਨ ਹੋਣ, ਉਨਾਂ ਨੂੰ 'ਨਿਰਾਰਥਕ' ਸ਼ਬਦ ਕਹਿੰਦੇ ਹਨ।

ਵਿਆਕਰਨ ਵਿਚ ਸਾਰਥਕ ਸ਼ਬਦਾਂ ਨੂੰ ਵੱਖ ਵੱਖ ਸ੍ਰੇਣੀਆਂ ਵਿਚ ਵੰਡਿਆ ਗਿਆ ਹੈ ਜਿਵੇਂ—

1. **ਨਾਂਵ** : ਕਿਸੇ ਜੀਵ, ਵਸਤੂ, ਭਾਵ, ਗੁਣ, ਗਲਤ ਆਦਿ ਦੇ ਨਾਂ ਨੂੰ ਨਾਂਵ ਕਿਹਾ ਜਾਂਦਾ ਹੈ।

2. **ਪੜਨਾਂਵ** : ਜਿਹੜੇ ਸ਼ਬਦ ਨਾਂਵ ਦੀ ਥਾਂ ਵਰਤੇ ਜਾਣ, ਉਹਨਾਂ ਨੂੰ ਪੜਨਾਵ ਕਿਹਾ ਜਾਂਦਾ ਹੈ।

3. **ਵਿਸ਼ੇਸ਼ਣ** : ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ ਲੱਗ ਕੇ ਉਸ ਦੀ ਵਿਸ਼ੇਸ਼ਤਾ ਨੂੰ ਪਰਗਟ ਕਰਨ, ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ।

4. **ਕਿਰਿਆ** : ਜਿਹਨਾਂ ਸ਼ਬਦਾਂ ਤੋਂ ਕਿਸੇ ਕੰਮ ਦੇ ਕਰਨ ਜਾਂ ਹੋਣ ਦਾ ਪਤਾ ਲੱਗੇ, ਉਹਨਾਂ ਨੂੰ ਕਿਰਿਆ ਕਿਹਾ ਜਾਂਦਾ ਹੈ।

5. **ਕਿਰਿਆ ਵਿਸ਼ੇਸ਼ਣ** : ਜਿਹੜੇ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਨੂੰ ਪਰਗਟ ਕਰਨ ਉਹਨਾਂ ਨੂੰ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ।

6. **ਸੰਬੰਧਕ** : ਜਿਹੜੇ ਸ਼ਬਦ ਵਾਕ ਵਿਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਦਾ ਦੂਜੇ ਸ਼ਬਦਾਂ ਨਾਲ ਸੰਬੰਧ ਪਰਗਟ ਕਰਨ, ਉਹਨਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ।

7. **ਯੋਜਕ** : ਜਿਹੜੇ ਸ਼ਬਦ ਦੋ ਵਾਕਾਂ, ਵਾਕੰਸ਼ਾ ਜਾਂ ਦੋ ਸ਼ਬਦਾਂ ਨੂੰ ਆਪਸ ਵਿਚ ਜੋੜਨ ਉਹਨਾਂ ਨੂੰ 'ਯੋਜਕ' ਕਿਹਾ ਜਾਂਦਾ ਹੈ।

8. **ਵਿਸਮਿਕ** : ਜਿਹੜੇ ਸ਼ਬਦ ਖੁਸ਼ੀ, ਗਮੀ, ਹੈਰਾਨੀ, ਪ੍ਰਸ਼ੰਸਾ ਆਦਿ ਭਾਵਾਂ ਨੂੰ ਪਰਗਟ ਕਰਨ, ਉਹਨਾਂ ਨੂੰ 'ਵਿਸਮਿਕ ਕਿਹਾ ਜਾਂਦਾ ਹੈ।

## ਪਾਠ ਨਾਲ ਸੰਬੰਧਿਤ ਪ੍ਰਸ਼ਨ

**ਪ੍ਰਸ਼ਨ 1. ਸਾਰਥਕ ਸ਼ਬਦ ਕਿਸ ਨੂੰ ਕਹਿੰਦੇ ਹਨ ?**

**ਉੱਤਰ**—ਜਿਹੜੇ ਸ਼ਬਦ ਕੁਝ ਅਰਥ ਰੱਖਦੇ ਹਨ ਉਹਨਾਂ ਨੂੰ ਸਾਰਥਕ ਸ਼ਬਦ ਆਖਦੇ ਹਨ।

**ਪ੍ਰਸ਼ਨ 2. ਕੁਝ ਵੀ ਅਰਥ ਨ ਰੱਖਣ ਵਾਲੇ ਸ਼ਬਦਾਂ ਨੂੰ ਕੀ ਕਹਿੰਦੇ ਹਨ।**

**ਉੱਤਰ**—ਕੁਝ ਵੀ ਅਰਥ ਨ ਰੱਖਣ ਵਾਲੇ ਸ਼ਬਦਾਂ ਨੂੰ ਨਿਰਾਰਥਕ ਸ਼ਬਦ ਕਹਿੰਦੇ ਹਨ।

**ਪ੍ਰਸ਼ਨ 3. ਸੰਬੰਧਕ ਤੋਂ ਕੀ ਭਾਵ ਹੈ।**

**ਉੱਤਰ**—ਜਿਹੜੇ ਸ਼ਬਦ ਵਾਕ ਵਿਚ ਨਾਂਵ ਪੜਨਾਂਵ ਜਾਂ ਵਿਸ਼ੇਸ਼ਣ ਦਾ ਦੂਜੇ ਸ਼ਬਦਾਂ ਨਾਲ ਸੰਬੰਧ ਪਰਗਟ ਕਰਨ ਉਹਨਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ।

**ਪ੍ਰਸ਼ਨ 4. ਕਿਨਾਂ ਦੇ ਨਾਂ ਨੂੰ ਨਾਂਵ ਆਖਦੇ ਹਨ।**

**ਉੱਤਰ**—ਕਿਸੇ, ਜੀਵ, ਵਸਤੂ, ਭਾਵ ਗੁਣ, ਹਾਲਤ ਆਦਿ ਦੇ ਨਾਂ ਨੂੰ ਨਾਂਵ ਆਖਦੇ ਹਨ।

## ਗੁਰਮੁੱਖੀ ਲਿਪੀ (1.5)

ਗੁਰਮੁਖੀ ਲਿਪੀ, ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਇੱਕ ਵਿਗਿਆਨਕ ਤਰਤੀਬ ਵਾਲੀ ਲਿਪੀ ਹੈ। ਇਸ ਦੇ ਵਰਣਾਂ ਦੀ ਸ਼ਕਲ ਇਕ ਦੂਜੇ ਨਾਲ ਨਹੀਂ ਮਿਲਦੀ ਤੇ ਇਹਨਾਂ ਨੂੰ ਇਕਸਾਰ ਲਿਖਣ ਵਿਚ ਅਸਾਨੀ ਰਹਿੰਦੀ ਹੈ। ਇਸ ਦੇ ਪੈਂਤੀਂ ਅੱਖਰਾਂ ਵਿਚੋਂ ਛੇ ਅੱਖਰਾਂ ਨੂੰ ਪੈਰੀਂ ਬਿੰਦੀ ਲਗਾ ਕੇ ਫਾਰਸੀ ਭਾਸ਼ਾ ਦੀ ਸ਼ਬਦਾਵਲੀ ਨੂੰ ਲਿਖਣ ਲਈ ਚਿੰਨ੍ਹਤ ਕੀਤਾ ਗਿਆ ਹੈ। ਗੁਰਮੁੱਖੀ ਦੇ ਅੱਖਰ ਘ, ਝ, ਧ, ਭ, ਢ, ੜ ਧੁਨੀ ਅੱਖਰ ਕਿਸੇ ਹੋਰ ਭਾਸ਼ਾ ਵਿਚ ਨਹੀਂ ਮਿਲਦੇ। ਗੁਰਮੁੱਖੀ ਲਿਪੀ ਵਿਚ ''ਜਿਵੇਂ ਬੋਲੋਂ ਤਿਵੇਂ ਲਿਖੋਂ'' ਦਾ ਸਿਧਾਂਤ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦਾ। ਖੇਤਰੀ ਭਾਸ਼ਾਵਾਂ ਤੇ ਉਪਭਾਸ਼ਾਵਾਂ ਨੂੰ ਇੰਨ ਬਿੰਨ ਨਾ ਲਿਖ ਕੇ, ਨਿਰਧਾਰਤ ਨਿਯਮਾਂ ਨਾਲ ਬਦਲ ਕੇ ਲਿਖਿਆ ਜਾਂਦਾ ਹੈ।

## ਪਾਠ ਨਾਲ ਸੰਬੰਧਿਤ ਪ੍ਰਸ਼ਨ

**ਪ੍ਰਸ਼ਨ 1. ਲਿਪੀ ਕੀ ਹੁੰਦੀ ਹੈ।**

**ਉੱਤਰ**—ਗੁਰਮੁੱਖੀ ਲਿਪੀ, ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਇਕ ਵਿਗਿਆਨਕ ਤਰਤੀਬ ਵਾਲੀ ਲਿਪੀ ਹੈ।

**ਪ੍ਰਸ਼ਨ 2. ਸਹੀ ਵਿਕਲਪ ਚੁਣੋ:**

(1) ਮਨੁੱਖ ਆਪਣੇ ਮਨ ਦੇ ਭਾਵਾਂ ਨੂੰ ਕਿਵੇਂ ਪਰਗਟ ਕਰਦਾ ਹੈ।

(ੳ) ਇਸ਼ਾਰਿਆ ਨਾਲ (ੲ) ਲਿਪੀ ਰਾਹੀਂ

(ਅ) ਗਾ ਕੇ (ਸ) ਬੋਲੀ ਰਾਹੀਂ

**ਉੱਤਰ**—ਬੋਲੀ ਰਾਹੀਂ

**(2) ਗੁਰਮੁੱਖੀ ਲਿਪੀ ਵਿਚ ਕਿੰਨੇ ਲਗਾਖਰ ਹੁੰਦੇ ਹਨ।**

(ੳ) ਚਾਰ (ੲ) ਤਿੰਨ

(ਅ) ਦੋ (ਸ) ਇੱਕ

**ਉੱਤਰ**—ਤਿੰਨ

**(3) ਪੰਜਾਬੀ ਬੋਲੀ ਦੀ ਲਿਪੀ ਦਾ ਕੀ ਨਾਂ ਹੈ।**

(ੳ) ਦੇਵਨਾਗਰੀ (ੲ) ਰੋਮਨ

(ਅ) ਪੰਜਾਬੀ (ਸ) ਗੁਰਮੁਖੀ

**ਉੱਤਰ**—ਗੁਰਮੁੱਖੀ ਲਿਪੀ

**ਪ੍ਰਸ਼ਨ 4 ਅੱਧਕ ਦੀ ਵਰਤੋਂ ਕਰਦੇ ਹੋਏ ਪੰਜ ਉਦਾਹਰਣ ਲਿਖੋ।**

**ਉੱਤਰ**—ਸੱਜਾ, ਪੱਤਾ, ਹੱਦ, ਖੱਬਾ, ਅੱਠ।

**ਪ੍ਰਸ਼ਨ 5 ਅਸ਼ੁੱਧ ਅੱਖਰਾਂ ਨੂੰ ਸ਼ੁੱਧ ਕਰੋ।**

ਅਸ਼ੁੱਧ—ਸੋਹਰਾ, ਉਪਾਯ, ਵਿਆਕਰਣ, ਗੌਦਾਮ

**ਉੱਤਰ**—ਸ਼ੁੱਧ—ਸਹੁਰਾ, ਉਪਾਅ, ਵਿਆਕਰਨ, ਗੁਦਾਮ

NEERAJ PUBLICATIONS www.neerajbooks.com